# ਡਰੋਲੀ ਭਾਈ ਬਣੇਗਾ ਤੰਬਾਕੂ ਮੁਕਤ ਮਾਡਲ ਪਿੰਡ-ਚਰਨਦੀਪ ਸਿੰਘ

- **ਤੰਬਾਕੂ ਵਿਰੋਧੀ ਬਲਾਕ ਟਾਸਕ ਫ਼ੋਰਸ ਦੀ ਮੀਟਿੰਗ ਵਿੱਚ ਪਿੰਡਾਂ ਨੂੰ ਤੰਬਾਕੂ ਮੁਕਤ ਕਰਨ ਦਾ ਫ਼ੈਸਲਾ**
- **ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਬਲਾਕ ਮੋਗਾ-2 ਦੇ 83 ਸਕੂਲਾਂ ਵਿੱਚ ਬੱਚਿਆਂ ਨੂੰ ਤੰਬਾਕੂ ਦੇ ਬੁਰੇ ਪ੍ਰਭਾਵਾਂ ਤੋਂ ਜਾਗਰੂਕ ਕਰਵਾਉਣ ਲਈ ਲਾਏ ਜਾ ਰਹੇ ਹਨ ਕੈਂਪ- ਡਾ: ਇੰਦਰਵੀਰ ਸਿੰਘ ਗਿੱਲ**

ਮੋਗਾ 15 ਮਈ:

ਉਪ ਮੰਡਲ ਮੈਜਿਸਟ੍ਰੇਟ (ਐਸ.ਡੀ.ਐਮ.) ਮੋਗਾ ਸ੍ਰ. ਚਰਨਦੀਪ ਸਿੰਘ ਦੀ ਪ੍ਰਧਾਨਗੀ ਹੇਠ ਤੰਬਾਕੂ ਵਿਰੋਧੀ ਬਲਾਕ ਟਾਸਕ ਫ਼ੋਰਸ ਦੀ ਹੋਈ ਮੀਟਿੰਗ ਵਿੱਚ ਇਤਿਹਾਸਕ ਪਿੰਡ ਡਰੋਲੀ ਭਾਈ ਨੂੰ ਤੰਬਾਕੂ ਮੁਕਤ ਮਾਡਲ ਪਿੰਡ ਬਨਾਉਣ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਐਸ.ਡੀ.ਐਮ ਚਰਨਦੀਪ ਸਿੰਘ ਨੇ ਕਿਹਾ ਕਿ ਮੋਗਾ ਬਲਾਕ-2 ਅਧੀਨ ਆਉਂਦੀਆਂ ਸਾਰੀਆਂ ਪੰਚਾਇਤਾਂ ਨਾਲ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਰਾਹੀਂ ਸੰਪਰਕ ਕਰਕੇ ਬਲਾਕ ਦੇ ਸਾਰੇ ਪਿੰਡਾਂ ਨੂੰ ਤੰਬਾਕੂ ਮੁਕਤ ਕਰਨ ਲਈ ਪੰਚਾਇਤਾਂ ਤੋਂ ਮਤੇ ਪਵਾਏ ਜਾਣਗੇ ਅਤੇ ਪਿੰਡਾਂ ਵਿੱਚ ਕਰਿਆਨੇ ਦੀਆਂ ਸਾਰੀਆਂ ਦੁਕਾਨਾਂ ਤੋਂ ਤੰਬਾਕੂ ਉਤਪਾਦ ਜਿਵੇਂ ਬੀੜੀ, ਸਿਗਰਟ, ਜ਼ਰਦਾ ਬਗੈਰਾ ਦੀ ਵਿਕਰੀ ਬੰਦ ਕਰਵਾਈ ਜਾਵੇਗੀ।

ਤੰਬਾਕੂ ਸੈਲ ਦੇ ਜ਼ਿਲ੍ਹਾ ਨੋਡਲ ਅਫ਼ਸਰ ਡਾ: ਇੰਦਰਵੀਰ ਸਿੰਘ ਗਿੱਲ ਨੇ ਦੱਸਿਆ ਕਿ ਬਲਾਕ ਦੇ 83 ਸਕੂਲਾਂ ਵਿੱਚ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਬੱਚਿਆਂ ਨੂੰ ਤੰਬਾਕੂ ਦੇ ਬੁਰੇ ਪ੍ਰਭਾਵਾਂ ਤੋਂ ਜਾਗਰੂਕ ਕਰਵਾਉਣ ਲਈ ਕੈਂਪ ਲਾਏ ਜਾ ਰਹੇ ਹਨ, ਜੋ 30 ਮਈ ਤੱਕ ਮੁਕੰਮਲ ਹੋ ਜਾਣਗੇ ਅਤੇ 31 ਮਈ ਨੂੰ ਸਾਰੇ ਸਕੂਲਾਂ ਅਤੇ ਪੂਰੇ ਜ਼ਿਲ੍ਹੇ ਵਿੱਚ ਤੰਬਾਕੂ ਵਿਰੋਧੀ ਦਿਵਸ ਮਨਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ 2009 ਤੋਂ ਲੈ ਕੇ ਹੁਣ ਤੱਕ ਤੰਬਾਕੂ ਦੀ ਖਪਤ 14 ਫ਼ੀਸਦੀ ਘਟ ਗਈ ਹੈ। ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਡਰੋਲੀ ਭਾਈ ਡਾ: ਜਸਬੀਰ ਸਿੰਘ ਨੇ ਦੱਸਿਆ ਕਿ ਡਰੋਲੀ ਭਾਈ ਪਿੰਡ ਦੀ ਪੰਚਾਇਤ, ਸਮਾਜ ਸੇਵੀ ਜੱਥੇਬੰਦੀਆਂ, ਧਾਰਮਿਕ ਜੱਥੇਬੰਦੀਆਂ ਤੇ ਕਰਿਆਨਾ ਦੁਕਾਨਦਾਰਾਂ ਨਾਲ ਵਿਸ਼ੇਸ਼ ਮੀਟਿੰਗ ਕਰਕੇ ਇਸ ਪਿੰਡ ਨੂੰ ਤੰਬਾਕੂ ਮੁਕਤ ਕਰਨ ਲਈ ਵਿਸ਼ੇਸ਼ ਟੀਮ ਦਾ ਗਠਨ ਕੀਤਾ ਜਾਵੇਗਾ ਅਤੇ ਪੰਚਾਇਤ ਵੱਲੋਂ ਮਤਾ ਪਾ ਕੇ ਪਿੰਡ ਵਿੱਚ ਤੰਬਾਕੂ ਉਤਪਾਦਾਂ ਦੀ ਵਿਕਰੀ 'ਤੇ ਰੋਕ ਲਾਈ ਜਾਵੇਗੀ ਜਦਕਿ ਤੰਬਾਕੂ ਦਾ ਸੇਵਨ ਕਰਨ ਵਾਲੇ ਵਿਅਕਤੀਆਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਦੀ ਤੰਬਾਕੂ ਦੀ ਆਦਤ ਛੁਡਵਾਈ ਜਾਵੇਗੀ। ਇਸ ਮੌਕੇ ਖੇਤੀਬਾੜੀ ਅਫ਼ਸਰ ਡਾ: ਹਰਨੇਕ ਸਿੰਘ ਰੋਡੇ, ਬੀ.ਈ.ਈ ਰਛਪਾਲ ਸਿੰਘ ਸੋਸਨ ਅਤੇ ਸਬ ਇੰਸਪੈਕਟਰ ਜਗਮੇਲ ਸਿੰਘ ਵੀ ਹਾਜ਼ਰ ਸਨ।

\---------------

ਨੰ: ਪੀ.ਆਰ(ਪ੍ਰੈ ਰੀ)2017/264

ਫ਼ੋਟੋ ਕੈਪਸ਼ਨ: ਉਪ ਮੰਡਲ ਮੈਜਿਸਟ੍ਰੇਟ ਮੋਗਾ ਚਰਨਦੀਪ ਸਿੰਘ ਬਲਾਕ ਪੱਧਰੀ ਤੰਬਾਕੂ ਵਿਰੋਧੀ ਟਾਸਕ ਫੋਰਸ ਦੀ ਟੀਮ ਨੂੰ ਸੰਬੋਧਨ ਕਰਦੇ ਹੋਏ।

